Ph. no. :- 01763-230032
Email :- eomc.bassipathana@gmail.com

# MUNICIPAL COUNCIL BASSI PATHANA

Fatehgarh Sahib (Punjab)

ਮਿਉਂਸਪਲ ਕੌਂਸਲ, ਬਸੀ ਪਠਾਣਾ (ਫਤਿਹਗੜ੍ਹ ਸਾਹਿਬ)
ਪੰਜਾਬ

Ref ..............  Dated 1-06-2018

## ਬਿਨੈ- ਪੱਤਰ

ਸ਼ਹਿਰ ਨਿਵਾਸੀ ਬਸੀ ਪਠਾਣਾਂ

ਸੀਵਰੇਜ ਬੋਰਡ ਵੱਲੋਂ ਸ਼ਹਿਰ ਵਿੱਚ ਸੀਵਰੇਜ ਪਾਇਆ ਜਾ ਰਿਹਾ ਹੈ। ਇਸ ਦੀ ਕਾਰਵਾਈ ਬਹੁਤ ਢਿੱਲੀ ਚੱਲ ਰਹੀ ਹੈ ਅਤੇ ਸੀਵਰੇਜ ਬੋਰਡ ਨੂੰ ਹਦਾਇਤ ਕੀਤੀ ਜਾਵੇ ਕਿ ਸ਼ਹਿਰ ਬਸੀ ਪਠਾਣਾਂ ਵਿਚੋਂ ਜਲਦੀ ਤੋਂ ਜਲਦੀ ਸੀਵਰੇਜ ਦਾ ਕੰਮ ਪੂਰਾ ਕੀਤਾ ਜਾਵੇ। ਇਸ ਕੰਮ ਨੂੰ ਮੁਕੰਮਲ ਕਰਨ ਲਈ ਤੇਜੀ ਲਿਆਂਦੀ ਜਾਵੇ ਅਤੇ ਸੀਵਰੇਜ ਦੇ ਨਾਲ-ਨਾਲ ਨਾਲੀਆਂ ਵੀ ਕਵਰ ਕੀਤੀਆਂ ਜਾਣ।

2) ਸ਼ਹਿਰ ਵਿੱਚ ਗਲੀਆਂ ਬਣਾਉਣ ਲਈ ਅਤੇ ਸ਼ਹਿਰ ਦੇ ਸਾਰੇ ਪਾਰਕਾਂ ਨੂੰ ਸੁੰਦਰ ਬਣਾਉਣ ਲਈ ਨਗਰ ਕੌਂਸਲ ਬਸੀ ਪਠਾਣਾਂ ਨੂੰ ਫੰਡ ਜਾਰੀ ਕੀਤੇ ਜਾਣ ਜੀ।

3) ਸ਼ਹਿਰ ਬਸੀ ਪਠਾਣਾਂ ਵਿੱਚ ਬਾਦਰਾਂ ਵਾਲਾ ਟੋਭਾ ਹੈ। ਜੋ ਕਿ ਬਹੁਤ ਪੁਰਾਣਾ ਟੋਭਾ ਹੈ। ਸ਼ਹਿਰ ਨਿਵਾਸੀਆਂ ਵੱਲੋਂ ਮੰਗ ਕੀਤੀ ਜਾ ਰਹੀ ਹੈ ਕਿ ਇਸ ਟੋਭੇ ਨੂੰ ਚਾਰ ਦੀਵਾਰੀ ਕਰਕੇ ਸੁੰਦਰ ਪਾਰਕ ਬਣਾਉਣ ਲਈ ਫੰਡ ਜਾਰੀ ਕੀਤੇ ਜਾਣ ਤਾਂ ਜੋ ਕਿ ਸ਼ਹਿਰ ਨਿਵਾਸੀਆਂ ਨੂੰ ਵਧੀਆ ਸਹੂਲਤ ਮਿਲ ਸਕੇ।

4) ਨਗਰ ਕੌਂਸਲ ਬਸੀ ਪਠਾਣਾਂ ਦੀਆਂ 47.40 ਲੱਖ ਰੁਪਏ ਦੇਣਦਾਰੀਆਂ ਹਨ ਅਤੇ ਮਾਲੀ ਹਾਲਤ ਬਹੁਤ ਕਮਜੋਰ ਹੈ। ਮੁਲਾਜ਼ਮਾਂ ਦੀਆਂ ਤਨਖਾਹਾਂ ਅਤੇ ਬਿਜਲੀ ਦੇ ਬਿਲ ਦੇਣੇ ਵੀ ਬਹੁਤ ਔਖੇ ਹਨ। ਸ਼ਹਿਰ ਵਿੱਚ ਲੋਕਾਂ ਦੇ ਕਾਰੋਬਾਰ ਇੰਨੇ ਵੱਡੇ ਨਹੀਂ ਹਨ, ਜਿਸ ਨਾਲ ਸ਼ਹਿਰ ਦੀ ਤਰੱਕੀ ਹੋ ਸਕੇ। ਨਗਰ ਕੌਂਸਲ ਬਸੀ ਪਠਾਣਾਂ ਨੂੰ ਵੱਧ ਤੋਂ ਵੱਧ ਗ੍ਰਾਂਟ ਜਾਰੀ ਕੀਤੀ ਜਾਵੇ ਜੀ।

5) ਨਗਰ ਕੌਂਸਲ ਬਸੀ ਪਠਾਣਾਂ ਨੂੰ ਨਾਲਿਆਂ ਦੀ ਸਫਾਈ ਅਤੇ ਸੋਲਿਡ ਵੇਸਟ ਡੰਪ ਤੇ ਕੂੜਾ ਇਕੱਠਾ ਕਰਨ ਲਈ ਜੇ.ਸੀ.ਬੀ. ਦੀ ਜਰੂਰਤ ਪੈਂਦੀ ਰਹਿੰਦੀ ਹੈ। ਇਸ ਲਈ ਨਗਰ ਕੌਂਸਲ ਬਸੀ ਪਠਾਣਾਂ ਨੂੰ ਛੋਟੀ ਜੇ.ਸੀ.ਬੀ. ਦੀ ਖ੍ਰੀਦ ਕਰਨ ਲਈ ਫੰਡ ਜਾਰੀ ਕੀਤੇ ਜਾਣ ਜੀ।

6) ਨਗਰ ਕੌਂਸਲ ਬਸੀ ਪਠਾਣਾਂ ਦੇ ਦਫਤਰ ਦੀ ਬਿਲਡਿੰਗ ਬਹੁਤ ਪੁਰਾਣੀ ਹੈ ਅਤੇ ਸੜਕ ਤੋਂ ਨੀਵੀਂ ਹੈ। ਬਰਸਾਤ ਦੇ ਮੌਸਮ ਵਿੱਚ ਦਫਤਰ ਵਿੱਚ ਪਾਣੀ ਆ ਜਾਦਾ ਹੈ। ਇਸ ਲਈ ਨਗਰ ਕੌਂਸਲ ਬਸੀ ਪਠਾਣਾਂ ਦੇ ਦਫਤਰ ਦੀ ਬਿਲਡਿੰਗ ਬਣਾਉਣ ਲਈ ਫੰਡ ਜਾਰੀ ਕੀਤੇ ਜਾਣ ਜੀ।

7) ਨਗਰ ਕੌਂਸਲ ਬਸੀ ਪਠਾਣਾਂ ਨੂੰ ਇੱਕ ਪੱਕਾ ਬਾਗ ਅੰਫਸਰ ਅਤੇ ਇਕ ਸੈਨੀਟੇਸ਼ਨ ਇੰਸਪੈਕਟਰ ਦਿੱਤਾ ਜਾਵੇ ਜੀ।

8) ਨਗਰ ਕੌਂਸਲ ਬਸੀ ਪਠਾਣਾਂ ਨੂੰ ਅਕਸਾਇਜ਼ ਡਿਊਟੀ ਜਾਰੀ ਕੀਤੀ ਜਾਵੇ ਜੀ।

ਪ੍ਰਧਾਨ,
ਸਮੂਹ ਕੌਂਸਲਰ ਸਾਹਿਬਾਨ
ਨਗਰ ਕੌਂਸਲ ਬਸੀ ਪਠਾਣਾਂ।

4978
7.6.18

ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ. ਬੋਰਡ
ਪਲਾਟ ਨੰ: 1-ਬੀ, ਸੈਕਟਰ 27-ਏ, ਚੰਡੀਗੜ੍ਹ।

ਪਿੱਠ ਅੰਕਣ ਨੰ: ਪਵਸਸਬ-2018/ਵ-3/ 10738  ਮਿਤੀ: 14-6-18

ਉਪਰੋਕਤ ਦੀ ਨਕਲ, ਮੁੱਖ ਇੰਜੀਨੀਅਰ (ਪੂਰਵ), ਪੰਜਾਬ ਵ/ਸ ਅਤੇ ਸੀਵਰੇਜ ਬੋਰਡ, ਪਟਿਆਲਾ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਵਿਸ਼ੇ ਅੰਕਿਤ ਮਾਮਲੇ ਤੇ ਲੋੜੀਦੀ ਕਾਰਵਾਈ ਕਰਦੇ ਹੋਏ ਢੁਕਵਾਂ ਜਵਾਬ 7 ਦਿਨਾਂ ਦੇ ਅੰਦਰ ਅੰਦਰ ਸਿੱਧੇ ਤੌਰ ਤੇ ਸਬੰਧਤ ਨੂੰ ਭੇਜਦੇ ਹੋਏ ਰਿਪੋਰਟ ਇਸ ਦਫਤਰ ਨੂੰ ਭੇਜੀ ਜਾਵੇ।

ਕਾਰਜਕਾਰੀ ਇੰਜੀਨੀਅਰ (ਵ)